ਘਰੇਲੂ ਹਿੰਸਾ ਦਾ ਸ਼ਿਕਾਰ ਔਰਤਾਂ ਲਈ ਕਾਨੂੰਨੀ ਜਾਣਕਾਰੀ

Legal information for Battered Women

# ਕਾਨੂੰਨੀ ਕਾਰਵਾਈ ਕਰਨਾ

Taking Legal Action

## ਇਹ ਜਾਣਕਾਰੀ ਕਿਸ ਲਈ ਹੈ

ਇਹ ਜਾਣਕਾਰੀ ਸ਼ੀਟ ਉਹਨਾਂ ਔਰਤਾਂ ਲਈ ਹੈ ਜਿਹਨਾਂ ਨੂੰ:

- ਉਹਨਾਂ ਪਤੀ ਜਾਂ ਪ੍ਰੇਮੀ ਵਲੋਂ ਕੁਟਿਆ ਮਾਰਿਆ ਜਾਂ ਡਰਾਇਆ ਧਮਕਾਇਆ ਜਾਂਦਾ ਹੈ ਅਤੇ
- ਜੋ ਆਪਣੀ ਮੌਜੂਦਾ ਸਥਿਤੀ ਨੂੰ ਬਦਲਣ ਲਈ ਕਾਨੂੰਨੀ ਕਾਰਵਾਈ ਕਰ ਰਹੀਆਂ ਹਨ ਜਾਂ ਕਰਨਾ ਚਾਹੁੰਦੀਆਂ ਹਨ।

ਕਾਨੂੰਨੀ ਕਾਰਵਾਈ ਕਰਨਾ ਗੁੰਝਲਦਾਰ ਸਾਬਿਤ ਹੋ ਸਕਦੀ ਹੈ। ਪਰ ਇਸ ਜਾਣਕਾਰੀ ਸ਼ੀਟ ਦੀ ਸਹਾਇਤਾ ਨਾਲ ਤੁਹਾਨੂੰ ਪਤਾ ਲੱਗੇਗਾ ਕਿ ਕੌਣ ਕੀ ਕਰ ਸਕਦਾ ਹੈ।

ਤੁਸੀਂ ਤਿੰਨ ਪ੍ਰਕਾਰ ਦੀਆਂ ਮੁੱਖ ਕਾਨੂੰਨੀ ਕਾਰਵਾਈਆਂ ਵਿੱਚ ਸ਼ਾਮਿਲ ਹੋ ਸਕਦੇ ਹੋ:

1. ਪੁਲਿਸ ਨੂੰ ਬਲਾਉਣਾ
2. ਫੌਜਦਾਰੀ ਚਾਰਜ (ਅਪਰਾਧੀ ਨੂੰ ਸਜ਼ਾ ਦੇਣੀ)
3. ਸਿਵਲ ਕਾਨੂੰਨੀ ਕਾਰਵਾਈਆਂ

## 1. ਪੁਲਿਸ ਨੂੰ ਬਲਾਉਣਾ

### ਪੁਲਿਸ ਕੀ ਕਰਦੀ ਹੈ

- ਤੁਹਾਨੂੰ ਇਹ ਹੱਕ ਹੈ ਕਿ ਤੁਸੀਂ ਪੁਲਿਸ ਨੂੰ ਬੁਲਾ ਸਕਦੇ ਹੋ ਜੇਕਰ ਤੁਹਾਡਾ ਪਤੀ ਜਾਂ ਪ੍ਰੇਮੀ ਤੁਹਾਨੂੰ ਕੁੱਟਦਾ-ਮਾਰਦਾ ਜਾਂ ਡਰਾਉਂਦਾ-ਧਮਕਾਉਂਦਾ ਹੈ। ਤੁਹਾਡੇ ਪਤੀ ਜਾਂ ਪ੍ਰੇਮੀ ਦਾ ਤੁਹਾਨੂੰ ਕੁੱਟਣਾ-ਮਾਰਨਾ ਜਾਂ ਡਰਾਉਣਾ ਧਮਕਾਉਣਾ ਇਕ ਅਪਰਾਧ ਹੈ।
- ਜਦੋਂ ਤੁਸੀਂ ਆਪਣੇ ਹਿੰਸਕ ਪਤੀ ਜਾਂ ਪ੍ਰੇਮੀ ਬਾਰੇ ਪੁਲੀਸ ਨੂੰ ਦੱਸਦੇ ਹੋ ਤਾਂ ਪੁਲੀਸ ਲਈ ਇਹ ਜਰੂਰੀ ਹੈ ਕਿ:
  - ਉਹ ਉਸੇ ਵੇਲੇ ਛਾਣਬੀਣ ਕਰੇ
  - ਜੇਕਰ ਜ਼ਰੂਰਤ ਹੋਵੇ ਤਾਂ ਤੁਹਾਨੂੰ ਅਤੇ ਤੁਹਾਡੇ ਬੱਚਿਆਂ ਨੂੰ ਸੁਰੱਖਿਅਤ ਥਾਂ ਤੇ ਲੈ ਕੇ ਜਾਵੇ
  - ਜੇਕਰ ਤੁਹਾਡੇ ਨਾਲ ਮਾਰ ਕੁਟਾਈ ਕੀਤੀ ਗਈ ਹੋਵੇ ਤਾਂ ਤੁਹਾਡੇ ਸਾਥੀ (ਸਾਥੀ ਤੋਂ ਭਾਵ ਹੈ ਪਤੀ ਜਾਂ ਪ੍ਰੇਮੀ) ਨੂੰ ਗ੍ਰਿਫ਼ਤਾਰ ਕਰੇ।

### ਜਦੋਂ ਪੁਲੀਸ ਤੁਹਾਡੇ ਕੇਸ ਵਿਚ ਸ਼ਾਮਿਲ ਹੋ ਜਾਂਦੀ ਹੈ ਤਾਂ ਤੁਸੀਂ ਕੀ ਕਰ ਸਕਦੇ ਹੋ

- ਪੁਲੀਸ ਨੂੰ ਆਪਣੀ ਸਥਿਤੀ ਬਾਰੇ ਚੰਗੀ ਤਰ੍ਹਾਂ ਦੱਸੋ, ਉਹਨਾਂ ਨੂੰ ਦੱਸੋ ਕਿ ਤੁਹਾਡੀ ਸਥਿਤੀ ਗੰਭੀਰ ਹੈ ਅਤੇ ਤੁਸੀਂ ਆਪਣੀ ਜਾਂ ਆਪਣੇ ਬੱਚਿਆਂ ਦੀ ਸੁਰੱਖਿਆ ਲਈ ਫਿਕਰਮੰਦ ਹੋ।
- ਪੁਲੀਸ ਨੂੰ ਦੱਸੋ ਜੇਕਰ ਤੁਸੀਂ ਆਪਣੇ ਸਾਥੀ ਨੂੰ ਆਪਣੇ ਜਾਂ ਆਪਣੇ ਬੱਚਿਆਂ ਤੋਂ ਦੂਰ ਰੱਖਣ ਲਈ ਕੋਰਟ ਦੇ ਆਡਰ ਚਾਹੁੰਦੇ ਹੋ।

## 2. ਫੌਜਦਾਰੀ ਚਾਰਜ (ਅਪਰਾਧੀ ਨੂੰ ਸਜ਼ਾ ਦੇਣੀ)

### ਤੁਹਾਡੇ ਸਾਥੀ ਨੂੰ ਸਜ਼ਾ ਕੌਣ ਦਿੰਦਾ ਹੈ?

- ਤੁਹਾਡੇ ਸਾਥੀ ਨੂੰ "ਸਜ਼ਾ" ਦੇਣਾ (ਚਾਰਜ ਲਗਾਉਣਾ) ਜਾਂ ਉਸ ਦੀ "ਸਜ਼ਾ ਮਾਫ" (ਚਾਰਜ ਮਾਫ) ਕਰਨਾ ਤੁਹਾਡੇ ਹੱਥ ਵਿੱਚ ਨਹੀਂ ਹੈ। ਜਿਸ ਵਿਅਕਤੀ ਤੇ ਅਪਰਾਧਜਨਕ ਦੋਸ਼ ਲਗੇ ਹੋਣ ਉਸ ਨੂੰ ਸਜ਼ਾ ਦੇਣਾ ਸਰਕਾਰ ਦਾ ਕੰਮ ਹੈ।
- ਸਰਕਾਰੀ ਵਕੀਲਾਂ ਨੂੰ "ਕਰਾਉਨ ਕੌਂਸਲ" (Crown counsel) ਕਿਹਾ ਜਾਂਦਾ ਹੈ। ਪੁਲੀਸ ਦੀ ਮੱਦਦ ਨਾਲ ਕਰਾਉਨ ਕੌਂਸਲ ਇਹ ਫੈਸਲਾ ਕਰਦੀ ਹੈ ਕਿ ਤੁਹਾਡੇ ਸਾਥੀ ਵਿਰੁੱਧ ਅਪਰਾਧਜਨਕ ਦੋਸ਼ ਲਗਾਉਣ ਲਈ ਸਬੂਤ ਕਾਫੀ ਹਨ ਕਿ ਨਹੀਂ।

### ਕਰਾਉਨ ਕੌਂਸਲ ਕੀ ਕਰਦੀ ਹੈ

- ਜੇਕਰ ਤੁਹਾਡੇ ਸਾਥੀ ਵਿਰੁੱਧ ਮੁੱਕਦਮਾ ਚਲਦਾ ਹੈ ਤਾਂ, ਕਰਾਉਨ ਕੌਂਸਲ ਕੋਰਟ ਵਿੱਚ ਉਸ ਤੇ ਲੱਗੇ ਦੋਸ਼ ਨੂੰ ਸਾਬਿਤ ਕਰਨ ਦੀ ਕੋਸ਼ਿਸ਼ ਕਰਦੀ ਹੈ।

### ਜਦੋਂ ਤੁਹਾਡੇ ਸਾਥੀ ਤੇ ਦੋਸ਼ (ਚਾਰਜ) ਲਗਾ ਹੋਵੇ ਤਾਂ ਤੁਸੀਂ ਕੀ ਕਰਦੇ ਹੋ

- ਕਰਾਉਨ ਕੌਂਸਲ ਤੁਹਾਨੂੰ ਗਵਾਹ ਦੇ ਰੂਪ ਵਿੱਚ ਕੋਰਟ ਵਿੱਚ ਹਾਜ਼ਰ ਹੋਣ ਲਈ ਕਹਿੰਦੀ ਹੈ। ਉਹ (ਕਰਾਉਨ ਕੌਂਸਲ) ਮੁੱਕਦਮੇ ਦੀ ਤਾਰੀਖ ਤੋਂ ਪਹਿਲਾਂ ਤੁਹਾਡੇ ਨਾਲ ਮਿਲਣਾ ਚਾਹੁੰਣਗੇ, ਤਾਂਕਿ ਤੁਹਾਨੂੰ ਦੱਸ ਸਕਣ ਕਿ ਤੁਸੀਂ ਕੋਰਟ ਵਿਚ ਕੀ ਕਹਿਣਾ ਹੈ।

■ ਜੇਕਰ ਤੁਹਾਨੂੰ ਕੋਈ ਕੋਰਟ ਵਿੱਚ ਜਾ ਕੇ ਗਵਾਹੀ ਨਾ ਦੇਣ ਲਈ ਮਜਬੂਰ ਕਰਦਾ ਹੈ ਜਾਂ ਤੁਸੀਂ ਕੋਰਟ ਵਿੱਚ ਜਾਣ ਤੋਂ ਡਰਦੇ ਹੋ ਤਾਂ, ਛੇਤੀ ਤੋਂ ਛੇਤੀ ਕਰਾਉਨ ਕੌਂਸਲ ਨੂੰ ਦੱਸੋ। ਤੁਹਾਨੂੰ ਮੁੱਕਦਮੇ ਦੀ ਤਾਰੀਖ ਤੇ ਕੋਰਟ ਵਿੱਚ ਆਉਣਾ ਹੀ ਪਵੇਗਾ।

## 3. ਸਿਵਲ ਕਾਨੂੰਨੀ ਕਾਰਵਾਈਆਂ

■ ਸਿਵਲ ਕਾਨੂੰਨੀ ਕਾਰਵਾਈਆਂ ਉਹਨਾਂ ਕਾਨੂੰਨੀ ਝਗੜਿਆਂ ਲਈ ਵਰਤੀਆਂ ਜਾਂਦੀਆਂ ਹਨ ਜਿਹੜੇ ਫੌਜ਼ਦਾਰੀ ਚਾਰਜਾਂ ਨੂੰ ਸ਼ਾਮਿਲ ਨਹੀਂ ਕਰਦੇ। ਹਰੇਕ ਵਿਅਕਤੀ ਜੋ ਝਗੜੇ ਵਿੱਚ ਸ਼ਾਮਿਲ ਹੁੰਦਾ ਹੈ ਉਸ ਕੋਲ ਆਪਣਾ ਵਕੀਲ ਹੁੰਦਾ ਹੈ।

■ ਜੇਕਰ ਤੁਹਾਡੇ ਸਾਥੀ ਦੁਆਰਾ ਤੁਹਾਡੇ ਤੇ ਤੱਸ਼ਦਦ ਕੀਤਾ ਗਿਆ ਹੈ ਤਾਂ ਸਿਵਲ ਲੀਗਲ ਕਾਰਵਾਈ ਵਿੱਚ ਹੇਠ ਲਿਖਿਆ ਸ਼ਾਮਿਲ ਹੋ ਸਕਦਾ ਹੈ:

- ਜੱਜ ਤੋਂ ਤੁਹਾਡੇ ਸਾਥੀ ਨੂੰ ਤੁਹਾਡੇ ਅਤੇ ਤੁਹਾਡੇ ਬੱਚਿਆਂ ਤੋਂ ਦੂਰ ਰਖਣ ਲਈ ਕੋਰਟ ਦੇ ਹੁਕਮਾਂ ਲਈ ਪੁਛਣਾ।
- ਆਪਣੇ ਸਾਥੀ ਤੋਂ ਅੱਲਗ ਹੋਣ ਵਿੱਚ ਆਉਣ ਵਾਲੀਆਂ ਸਮੱਸਿਆਵਾਂ ਨੂੰ ਨਿਪਟਾਉਣਾ, ਜਿਵੇਂ ਕਿ ਬੱਚੇ ਕਿੱਸ ਨਾਲ ਰਹਿਣਗੇ ਅਤੇ ਤੁਹਾਡੇ ਅਤੇ ਬੱਚਿਆਂ ਲਈ ਖਰਚੇ ਦੀ ਸਹਾਇਤਾ।

## ਤੁਹਾਡੀ ਸਹਾਇਤਾ ਕੌਣ ਕਰ ਸਕਦਾ ਹੈ

■ ਜੇਕਰ ਤੁਹਾਨੂੰ ਛੇਤੀ ਤੋਂ ਛੇਤੀ ਸਹਾਇਤਾ ਚਾਹੀਦੀ ਹੈ ਤਾਂ 911 ਤੇ ਫੋਨ ਕਰੋ ਜਾਂ ਆਪਣੇ ਇਲਾਕੇ ਦੇ ਐਮਰਜੈਂਸੀ ਨੰਬਰ ਜਾਂ ਪੁਲੀਸ ਨੂੰ ਫੋਨ ਕਰੋ।

■ ਸਹਾਇਤਾ, ਜਾਣਕਾਰੀ ਅਤੇ ਸਲਾਹ ਮਸ਼ਵਰੇ ਲਈ ਆਪਣੇ ਨੇੜੇ ਦੇ ਵੋਮੈਨਜ਼ ਸੈਂਟਰ (ਔਰਤਾਂ ਦੇ ਸੈਂਟਰ) ਜਾਂ ਟਰਾਂਜਿਸ਼ਨ ਹਾਉਸ (ਔਰਤਾਂ ਲਈ ਸੁਰਖਿਅਤ ਘਰ) ਨਾਲ ਸੰਮਪਰਕ ਕਰੋ।

■ ਵਿਕਟਮ ਸਪੋਰਟ ਵਰਕਰਜ (ਘਟਨਾ ਗ੍ਰਹਿਸਤ ਵਿਅਕਤੀਆ ਲਈ ਸਹਾਇਕ ਵਰਕਰਜ) ਫੌਜ਼ਦਾਰੀ ਮੁੱਕਦਮੇ ਤੋਂ ਪਹਿਲਾਂ, ਦੌਰਾਨ ਅਤੇ ਬਾਅਦ ਵਿੱਚ ਤੁਹਾਡੀ ਸਹਾਇਤਾ ਕਰ ਸਕਦੇ ਹਨ। ਆਪਣੇ ਇਲਾਕੇ ਵਿੱਚ ਸਹਾਇਕ ਵਰਕਰ ਲੱਭਣ ਲਈ ਵਿਕਟਮ ਜਾਣਕਾਰੀ ਲਾਇਨ (Victims Information Line) ਨੂੰ 1-800-563-0808 ਤੇ ਫੋਨ ਕਰੋ। ਉਹ ਤੁਹਾਨੂੰ ਟਰਾਂਜਿਸ਼ਨ ਹਾਉਸ, ਵੋਮੈਨ ਸੈਂਟਰ, ਲੀਗਲ ਏਡ ਆਫਿਸ ਅਤੇ ਨੇੜੇ ਦੇ ਵੈਲਫੇਅਰ ਆਫਿਸ ਦੇ ਫੋਨ ਨੰਬਰ ਵੀ ਦੇ ਸਕਦੇ ਹਨ।

■ ਤੁਹਾਨੂੰ ਸਿਵਲ ਕਾਨੂੰਨੀ ਕਾਰਵਾਈ ਕਰਨ ਲਈ ਆਮਤੌਰ ਤੇ ਫੈਮਲੀ ਲਾਇਰ (ਪਾਰਿਵਾਰਿਕ ਮਾਮਲਿਆਂ ਵਾਲੇ ਵਕੀਲ) ਦੀ ਜ਼ਰੂਰਤ ਪੈਂਦੀ ਹੈ। ਜੇਕਰ ਤੁਹਾਡੇ ਕੋਲ ਵਕੀਲ ਕਰਨ ਲਈ ਪੈਸੇ ਨਹੀਂ ਹਨ ਤਾਂ ਕਿਸੇ ਲੀਗਲ ਏਡ (Legal Aid, ਕਾਨੂੰਨੀ ਸਹਾਇਤਾ) ਆਫਿਸ ਨੂੰ ਫੋਨ ਕਰੋ। ਉਹ ਤੁਹਾਨੂੰ ਕਾਨੂੰਨੀ ਜਾਣਕਾਰੀ ਦੇ ਸਕਦੇ ਹਨ ਅਤੇ ਹੋ ਸਕਦਾ ਹੈ ਕਿ ਵਕੀਲ ਦੀ ਫੀਸ ਵੀ ਦੇਣ। ਜੇਕਰ ਤੁਹਾਡਾ ਮਸਲਾ ਗੰਭੀਰ ਹੈ ਤਾਂ ਉਹਨਾਂ ਨੂੰ ਜਰੂਰ ਦੱਸੋ ਅਤੇ ਜੇਕਰ ਤੁਹਾਨੂੰ ਤਰਜ਼ਮਾ ਕਰਨ ਵਾਲੇ (ਇੰਟਰਪਰੇਟਰ) ਦੀ ਲੋੜ ਹੈ ਤਾਂ ਉਹਨਾਂ ਨੂੰ ਇਹ ਵੀ ਜ਼ਰੂਰ ਦੱਸੋ। ਵਿਕਟਮ ਜਾਣਕਾਰੀ ਲਾਇਨ (1-800-563-0808) ਤੁਹਾਨੂੰ ਨੇੜੇ ਦੇ ਲੀਗਲ ਏਡ ਆਫਿਸ ਦਾ ਫੋਨ ਨੰਬਰ ਦੇ ਸਕਦੇ ਹਨ।

■ ਲਾਇਰ ਰਿਫਰਲ ਸਰਵਿਸਜ (Lawyer Referral Services, ਵਕੀਲ ਵਾਰੇ ਜਾਣਕਾਰੀ ਸੇਵਾਵਾਂ) ਤੁਹਾਨੂੰ ਫੈਮਲੀ ਵਾਲੇ ਕੇਸ ਲੈਣ ਵਾਲਾ ਵਕੀਲ ਲੱਭਣ ਵਿੱਚ ਮਦੱਦ ਕਰ ਸਕਦੀ ਹੈ। ਤੁਸੀਂ ਵਕੀਲ ਨੂੰ $10.00 ਵਿੱਚ ਅੱਧੇ ਘੰਟੇ ਲਈ ਮਿਲ ਸਕਦੇ ਹੋ। ਵੈਨਕੂਵਰ ਵਿੱਚ ਲਾਇਰ ਰੈਫਰਲ ਸਰਵਿਸ ਲਈ 687-3221 ਤੇ ਫੋਨ ਕਰੋ ਅਤੇ ਬੀ.ਸੀ. ਵਿਚ ਦੁਸਰੇ ਥਾਵਾਂ ਤੇ ਇਹ ਸੇਵਾ 1-800-663-1919 ਤੇ ਫੋਨ ਕਰਕੇ ਪ੍ਰਾਪਤ ਕੀਤੀ ਜਾ ਸਕਦੀ।

ਇਸ ਪ੍ਰਕਾਸ਼ਨ ਵਿੱਚ ਕਾਨੂੰਨ ਬਾਰੇ ਸਧਾਰਨ ਜਾਣਕਾਰੀ ਦਿੱਤੀ ਗਈ ਹੈ । ਇਸ ਦਾ ਮਕਸਦ ਤੁਹਾਡੀਆਂ ਨਿੱਜੀ ਸਮੱਸਿਆਵਾਂ ਬਾਰੇ ਕਾਨੂੰਨੀ ਸਲਾਹ ਦੇਣਾ ਨਹੀਂ ਹੈ।

ਇਹ ਜਾਣਕਾਰੀ ਸ਼ੀਟ ਲੀਗਲ ਸਰਵਿਸਜ਼ ਸੋਸਾਇਟੀ ਆਫ ਬੀ. ਸੀ. (Legal Services Society of BC) ਦੇ ਪਬਲਿਕ ਲੀਗਲ ਐਜੂਕੇਸ਼ਨ ਪ੍ਰੋਗਰਾਮ (Public Legal Education Program) ਦੁਆਰਾ ਮਨਿਸਟਰੀ ਆਫ ਵੋਮੈਨਜ਼ ਇਕਵੈਲਟੀ (Ministry of Women's Eqality) ਦੇ ਸਹਿਯੋਗ ਨਾਲ ਤਿਆਰ ਕੀਤੀ ਗਈ ਹੈ।

**Taking Legal Action ( Punjabi version)**
**Also available in English, Chinese, and Spanish**
**March 1997**